English to Punjabi

**Annex A**

ਜਾਤੀ ਪਿਛੋਕੜ ਦੇ ਰਿਕਾਰਡ ਬਾਰੇ ਫ਼ਾਰਮ (ਨਵੀਂ ਕੌਮੀ ਮਰਦਮਸ਼ੁਮਾਰੀ ਅਨੁਸਾਰ ਜਾਤੀ ਸ਼੍ਰੇਣੀਆਂ ਤੇ ਆਧਾਰਿਤ)

ਬੱਚੇ ਦਾ ਨਾਮ ....................

ਕਲਾਸ/ਫੌਰਮ ....................

*ਸਾਡਾ ਜਾਤੀ ਪਿਛੋਕੜ ਇਹ ਬਿਆਨ ਕਰਦਾ ਹੈ ਕਿ ਅਸੀਂ ਆਪਣੇ ਬਾਰੇ ਕਿਸ ਤਰਾਂ ਸੋਚਦੇ ਹਾਂ। ਇਹ ਕਈ ਗੱਲਾਂ ਤੇ ਆਧਾਰਿਤ ਹੋ ਸਕਦਾ ਹੈ, ਸਮੇਤ, ਉਦਾਹਰਣ ਵਜੋਂ, ਸਾਡੀ ਚਮੜੀ ਦਾ ਰੰਗ, ਭਾਸ਼ਾ, ਸੱਭਿਆਚਾਰ, ਖ਼ਾਨਦਾਨ ਜਾਂ ਪਰਿਵਾਰਕ ਇਤਿਹਾਸ। ਜਾਤੀ ਪਿਛੋਕੜ ਦਾ ਅਰਥ ਕੌਮੀਅਤ ਜਾਂ ਜਨਮ -ਭੂਮੀ ਨਹੀਂ ਹੈ। The Information Commissioner (ਜਿਸਦਾ ਪਹਿਲਾ ਨਾਮ Data Protection Registrar ਸੀ) ਦੀ ਤਜਵੀਜ਼ ਹੈ ਕਿ 11 ਸਾਲ ਦੀ ਉਮਰ ਤੋਂ ਵੱਡੇ ਨੌਜਵਾਨਾਂ ਨੂੰ ਆਪਣੀ ਜਾਤੀ ਸ਼ਨਾਖਤ ਬਾਰੇ ਆਪ ਫੈਸਲਾ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਮਾਪਿਆਂ ਅਤੇ ਮਾਪਿਆਂ ਦੀ ਜ਼ਿੰਮੇਵਾਰੀ ਨਿਭਾ ਰਹੇ ਲੋਕਾਂ ਨੂੰ ਇਹ ਕਿਹਾ ਜਾਂਦਾ ਹੈ ਕਿ, ਜਿੱਥੇ ਲੋੜ ਹੋਵੇ, 11 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਇਹ ਫੈਸਲਾ ਕਰਨ ਵਿਚ ਸਹਾਇਤਾ ਅਤੇ ਸਲਾਹ ਦੇਣ। 16 ਸਾਲ ਜਾਂ ਇਸਤੋਂ ਵੱਧ ਉਮਰ ਦੇ ਬੱਚੇ ਇਹ ਫੈਸਲਾ ਆਪਣੇ ਆਪ ਕਰ ਸਕਦੇ ਹਨ।*

ਕ੍ਰਿਪਾ ਕਰਕੇ ਥੱਲੇ ਦਿੱਤੀ ਸੂਚੀ ਨੂੰ ਪੜ੍ਹੋ ਅਤੇ ਉੱਪਰ ਲਿਖੇ ਨਾਮ ਵਾਲੇ ਵਿਦਿਆਰਥੀ ਜਾਂ ਬੱਚੇ ਦਾ ਜਾਤੀ ਪਿਛੋਕੜ ਦੱਸਣ ਵਾਸਤੇ ਕੇਵਲ ਇਕ ਡੱਬੇ ਤੇ ਟਿੱਕ ਲਗਾਓ। ਕ੍ਰਿਪਾ ਕਰਕੇ ਇਹ ਦਰਸਾਣ ਵਾਸਤੇ ਵੀ ਟਿੱਕ ਕਰੋ ਕਿ ਇਹ ਫ਼ਾਰਮ ਮਾਪੇ ਵਲੋਂ ਭਰਿਆ ਗਿਆ ਹੈ ਜਾਂ ਵਿਦਿਆਰਥੀ ਵਲੋਂ।

ਚਿੱਟਾ (**White)**

- ਬਰਤਾਨਵੀ (British) ☐
- ਆਇਰਿਸ਼ (Irish) ☐
- ਖਾਨਾਬਦੋਸ਼ ਜਾਂ ਆਇਰਿਸ਼ ਵਿਰਸਾ(Traveller of Irish Heritage) ☐
- ਜਿਪਸੀ /ਰੋਮਾ (Gypsy/Roma) ☐
- ਕੋਈ ਹੋਰ ਚਿੱਟਾ ਪਿਛੋਕੜ (Any other White background) ☐

ਮਿਲਿਆ ਜੁਲਿਆ (**Mixed)**

- ਚਿੱਟਾ ਅਤੇ ਕਾਲਾ ਕੈਰੀਬੀਅਨ (White and Black Caribbean) ☐
- ਚਿੱਟਾ ਅਤੇ ਕਾਲਾ ਅਫਰੀਕਨ (White and Black African) ☐
- ਚਿੱਟਾ ਅਤੇ ਏਸ਼ੀਅਨ (White and Asian) ☐
- ਕੋਈ ਹੋਰ ਮਿਲਿਆ ਜੁਲਿਆ ਪਿਛੋਕੜ (Any other mixed background) ☐

ਏਸ਼ੀਅਨ ਜਾਂ ਏਸ਼ੀਅਨ ਬ੍ਰਿਟਿਸ਼ (**Asian or Asian British)**

- ਭਾਰਤੀ (Indian) ☐
- ਪਾਕਿਸਤਾਨੀ (Pakistani) ☐
- ਬੰਗਲਾਦੇਸ਼ੀ (Bangladeshi) ☐
- ਕੋਈ ਹੋਰ ਏਸ਼ੀਅਨ ਪਿਛੋਕੜ(Any other Asian background) ☐

ਕਾਲਾ ਜਾਂ ਕਾਲਾ ਬ੍ਰਤਾਨਵੀ (**Black or Black British)**

- ਕੈਰੀਬੀਅਨ (Caribbean) ☐
- ਅਫਰੀਕਨ (African) ☐
- ਕੋਈ ਹੋਰ ਕਾਲਾ ਪਿਛੋਕੜ (Any other Black background) ☐

ਚੀਨੀ (**Chinese)** ☐

ਕੋਈ ਹੋਰ ਜਾਤੀ ਪਿਛੋਕੜ (**Any other ethnic background)** ☐

ਮੈਂ ਜਾਤੀ ਪਿਛੋਕੜ ਦੀ ਸ਼੍ਰੇਣੀ ਰਿਕਾਰਡ ਕਰਵਾਉਣੀ ਨਹੀਂ ਚਾਹੁੰਦਾ/ਚਾਹੁੰਦੀ ☐

ਇਹ ਜਾਣਕਾਰੀ ਦੇਣ ਵਾਲਾ ਹੈ**:**

ਮਾਪਾ ☐

ਵਿਦਿਆਰਥੀ ☐

ਕ੍ਰਿਪਾ ਕਰਕੇ ਇਹ ਫ਼ਾਰਮ ਨਾਲ ਦਿੱਤੇ ਲਿਫਾਫੇ ਵਿਚ ਪਾ ਕੇ ਚਾਰ ਹਫ਼ਤਿਆਂ ਦੇ ਅੰਦਰ ਸਕੂਲ ਨੂੰ ਵਾਪਸ ਭੇਜ ਦਿਓ, ਜਾਂ ਇਸਨੂੰ ਲਿਆ ਕੇ ਸਕੂਲ ਦੇ ਦਫ਼ਤਰ ਵਿਚ ਦੇ ਦਿਓ (ਜਾਂ ਜੇਕਰ ਇਹ ਤੁਹਾਨੂੰ ਈਮੇਲ ਰਾਹੀਂ ਭੇਜਿਆ ਗਿਆ ਹੈ ਤਾਂ ਇਸਨੂੰ ਈਮੇਲ ਰਾਹੀਂ ਵਾਪਸ ਭੇਜ ਦਿਓ)।

*(ਤੁਸੀਂ ਜਿਹੜੀ ਵੀ ਜਾਣਕਾਰੀ ਦਿੰਦੇ ਹੋ ਉਸਦੀ ਵਰਤੋਂ ਕੇਵਲ ਭਿੰਨ ਭਿੰਨ ਜਾਤੀ ਪਿਛੋਕੜ ਵਾਲੇ ਵਿਦਿਆਰਥੀਆਂ ਦੇ ਸਕੂਲ ਕੈਰੀਅਰਜ਼ ਅਤੇ ਤਜਰਬਿਆਂ ਬਾਰੇ ਅੰਕੜੇ ਰੱਖਣ ਲਈ ਕੀਤੀ ਜਾਵੇਗੀ, ਤਾਂਕਿ ਸਾਨੂੰ ਇਹ ਗੱਲ ਨਿਸਚੇ ਕਰਨ ਵਿਚ ਸਹਾਇਤਾ ਮਿਲੇ ਕਿ ਸਾਰੇ ਵਿਦਿਆਰਥੀਆਂ ਨੂੰ ਆਪਣੀਆਂ ਸੰਭਾਵਨਾਵਾਂ ਦੀ ਪੂਰਤੀ ਕਰਨ ਦਾ ਮੌਕਾ ਮਿਲਿਆ ਹੈ। ਇਨ੍ਹਾਂ ਅੰਕੜਿਆਂ ਤੋਂ ਕਿਸੇ ਇਕ ਵਿਦਿਆਰਥੀ ਦੀ ਪਛਾਣ ਨਹੀਂ ਹੋ ਸਕੇਗੀ। ਸਮੇਂ ਸਮੇਂ ਤੇ ਇਹ ਜਾਣਕਾਰੀ ਸਥਾਨਕ ਅਤੇ ਕੌਮੀ ਅੰਕੜਿਆਂ ਵਿਚ ਜੋੜਨ ਵਾਸਤੇ Local Education Authority ਅਤੇ Department for Education and Skills (DfES) ਨੂੰ ਦਿੱਤੀ ਜਾਵੇਗੀ। ਇਹ ਜਾਣਕਾਰੀ ਉਨ੍ਹਾਂ ਸਕੂਲਾਂ ਨੂੰ ਵੀ ਦਿੱਤੀ ਜਾਵੇਗੀ ਜਿਨ੍ਹਾਂ ਵਿਚ ਬੱਚੇ ਨੇ ਜਾਣਾ ਹੈ, ਤਾਂਕਿ ਉਨ੍ਹਾਂ ਨੂੰ ਦੁਬਾਰਾ ਇਹ ਪੁੱਛਣ ਦੀ ਲੋੜ ਨਾ ਪਵੇ।)*